ਧਰਮ ਸਾਹਿੱਤ ਤੇ ਇਤਿਹਾਸ

ਸ਼ਮਸ਼ੇਰ ਸਿੰਘ, ਅਸ਼ੋਕ
ਸਿਖ ਹਿਸਟਰੀ ਰੀਸਰਚ ਸਕਾਲਰ
ਸਿਖ ਨੈਸ਼ਨਲ ਕਾਲਜ, ਲਾਹੌਰ

SARDAR DYAL SINGH LAHORE LIBRARY

ਮਾਡਰਨ ਪਬਲੀਕੇਸ਼ਨਜ਼
ਲਾਹੌਰ : ੨੬ ਮੈਕਲੋਡ ਰੋਡ

ਪ੍ਰਕਾਸ਼ਕ ਦੇ ਹੱਕ ਰਾਖਵੇਂ

294.6
M127H
29841

ਪਹਿਲੀ ਵਾਰ
ਜੂਨ, ੧੯੪੪

The book is printed on paper supplied by
M/s Bansi Dhar Kapur & Sons, Lahore
on controlled rates.

ਪ੍ਰਿੰਟਰ ਤੇ ਪਬਲਿਸ਼ਰ
ਸ: ਹਰਕਿਸ਼ਨ ਸਿੰਘ ਬੀ. ਏ., ਐਲ.ਐਲ. ਬੀ.
ਆਸ਼ਾ ਆਰਟ ਪ੍ਰੈਸ, ੨੬ ਮੈਕਲੋਡ ਰੋਡ, ਲਾਹੌਰ.

9
46

ਭੂਮਿਕਾ

ਸ: ਸ਼ਮਸ਼ੇਰ ਸਿੰਘ ਅਸ਼ੋਕ ਉਹਨਾਂ ਗਿਣਵਿਆਂ ਸਿੱਖ ਵਿਦਵਾਨਾਂ ਤੇ ਲਿਖਾਰੀਆਂ ਵਿਚੋਂ ਹਨ, ਜਿਨ੍ਹਾਂ ਨੇ ਪੁਰਾਤਨ ਸਿਖ ਸਾਹਿਤ ਅਤੇ ਸਿਖ ਇਤਿਹਾਸ ਦਿਆਂ ਸੋਮਿਆਂ ਦੀ ਮੌਲਕ ਪੁਸਤਕਾਂ ਤੇ ਰੀਕਾਰਡਾਂ ਵਿਚੋਂ ਗਹੁ ਨਾਲ ਖੋਜ ਵਿਚਾਰ ਕੀਤੀ ਹੈ, ਅਤੇ ਇਸ ਪੁਸਤਕ ਵਿਚ ਜਿਨੇ ਲੇਖ ਚੁਣ ਕੇ ਦਿੱਤੇ ਗਏ ਹਨ, ਇਹ ਉਹਨਾਂ ਦੀ ਬਹੁਤ ਵਰ੍ਹਿਆਂ ਦੀ ਖੋਜ ਦਾ ਸਿੱਟਾ ਹਨ। ਇਤਿਹਾਸ ਅਤੇ ਧਰਮ ਦੀ ਖੋਜ ਕਰਨ ਤੋਂ ਉਪਰੰਤ ਅਸ਼ੋਕ ਜੀ ਨੂੰ ਸੰਸਕ੍ਰਿਤ ਬੋਲੀ ਅਤੇ ਸਾਹਿਤ-ਕਲਾ ਨਾਲ ਚੰਗੀ ਜਾਣ ਪਛਾਣ ਹੋਣ ਦੇ ਕਾਰਨ ਹਿੰਦੁਸਤਾਨ ਦੇ ਪੁਰਾਣੇ ਧਾਰਮਕ ਵਿਚਾਰਾਂ ਅਤੇ ਸਿੱਖ ਧਰਮ ਦੀਆਂ ਬਹੁਤ ਸਾਰੀਆਂ, ਖ਼ਾਸ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਿਆਂ ਸਮਕਾਲੀਆਂ ਅਤੇ ਸਿੱਖਾਂ ਦੀਆਂ, ਲਿਖਤਾਂ ਨਾਲ ਆਮ੍ਹੋ ਸਾਮਣੇ ਦੀ–ਪੂਰੀ ਵਾਕਫੀਅਤ ਹੈ। ਜਿਹੜੀ ਕਿ ਇਨ੍ਹਾਂ ਦੀਆਂ ਲਿਖਤਾਂ ਰਾਹੀਂ ਖੋਜ ਅਤੇ ਵਾਕਫੀ ਦਾ ਇਕ ਅਜਿਹਾ ਅੰਗ ਪਾਠਕ ਅਗੇ ਰਖਦੀ ਹੈ, ਜਿਹੜਾ ਕਿ ਹੁਣ ਤੀਕ ਬਹੁਤ ਘੱਟ ਵਿਚਾਰ ਲਈ ਪੇਸ਼ ਕੀਤਾ ਗਿਆ ਹੈ।

ਇਸ ਪੁਸਤਕ ਵਿਚ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਨਕਲੀ ਹੁਕਮਨਾਮੇ' ਅਤੇ 'ਚਮਕੌਰ ਦੇ ਜੰਗ ਤੋਂ ਪਿਛੋਂ' ਦੋ ਲੇਖ ਨਿਰੋਲ ਬਹੁ-ਮੁੱਲੀ ਖੋਜ ਦੇ ਹਨ, ਅਤੇ ਸਿੱਖ ਇਤਿਹਾਸ ਦਿਆਂ, ਸਾਡੀਆਂ ਅੱਖਾਂ ਤੋਂ ਲੁਕਿਆਂ ਹੋਇਆਂ ਕੁਛ ਵਾਕਿਆਂ ਨੂੰ, ਪ੍ਰਕਾਸ਼ਤ ਕਰਨ ਵਿੱਚ ਬਹੁਤ ਸਹਾਈ ਹੁੰਦੇ ਹਨ। ਹੁਕਮਨਾਮਿਆਂ ਵਾਲੇ ਲੇਖ ਵਿਚ ਲਿਖਾਰੀ ਨੇ ਬੜੀ ਵਿਗਿਆਨਕ ਪ੍ਰਬੀਨਤਾ ਨਾਲ ਜਾਲ੍ਹੀ ਹੁਕਮਨਾਮਿਆਂ ਦਾ ਨਖੇੜਾ ਕਰਕੇ,

ਦੀ, ਇਕ ਸਮਕਾਲੀ ਦੀ ਲਿਖੀ ਹੋਈ ਵਾਰਤਾ ਹੈ, ਅਤੇ ਦਸ਼ਮੇਸ਼ ਜੀ ਦੇ ਜੀਵਣ ਬਾਰੇ ਆਮ ਇਤਿਹਾਸ ਵਿਚ ਵਾਧੇ ਅਤੇ ਸਾਖੀਆਂ ਦੀ ਪ੍ਰੌੜ੍ਹਤਾ ਅਤੇ ਪਰਖ ਲਈ ਇਕ ਬਹੁ ਮੁਲੀ ਅਤੇ ਪ੍ਰਮਾਣੀਕ ਲਿਖਤ ਹੈ, ਜਿਸ ਤੋਂ ਪੁਰਾਣੀਆਂ ਲਿਖਤਾਂ ਬਹੁਤ ਘੱਟ ਮਿਲਦੀਆਂ ਹਨ।

ਪੁਸਤਕ ਦਾ ਦੂਜਾ ਭਾਗ ਜਿਸਦੀ ਮਹੱਤਤਾ ਨੂੰ ਆਮ ਪਾਠਕ ਸ਼ੈਦ ਪੂਰੀ ਤਰ੍ਹਾਂ ਅਨੁਭਵ ਨਾ ਕਰੇ, ਉਹ ਪੁਰਾਣੇ ਹਿੰਦੁਸਤਾਨੀ ਧਾਰਮਕ ਵਿਚਾਰਾਂ ਅਤੇ ਇਤਕਾਦਾਂ ਉੱਪਰ ਖੋਜ ਹੈ। ਇਨ੍ਹਾਂ ਲੇਖਾਂ ਦੇ ਮਜ਼ਮੂਨ ਦਾ ਸਿਖ ਇਤਿਹਾਸ ਨਾਲ ਖ਼ਾਸ ਅਤੇ ਸਿਧਾ ਸੰਬੰਧ ਹੈ। ਸਿਖ ਧਰਮ ਹਿੰਦੁਸਤਾਨ ਦੇ ਪੁਰਾਣੇ ਧਾਰਮਕ ਵਾਯੂ ਮੰਡਲ ਵਿਚ ਇਕ ਸਜਰੀ ਅਤੇ ਨਰੋਈ ਹਵਾ ਦੇ ਬੁਲੇ ਵਾਂਗ ਸੀ। ਹਿੰਦੁਸਤਾਨ ਦਾ ਪੁਰਾਤਨ ਧਰਮ ਵਿਚਾਰ ਅਤੇ ਸਾਧਨ ਬਹੁਤ ਕਰਕੇ 'ਸ਼ਕਤੀ' ਦੀ ਪੂਜਾ ਸੀ, ਜਿਸਦਾ ਭਾਵ ਇਹ ਹੈ ਕਿ ਇਨ੍ਹਾਂ ਧਰਮ-ਆਕਾਰਾਂ ਵਿਚ ਜ਼ਾਤੀ ਸੁਖ, ਤਾਕਤ ਅਤੇ ਕਾਮਣਾ-ਪੂਰਤੀ ਦਿਆਂ ਮੰਤਵਾਂ ਨੂੰ ਪੂਰਾ ਕਰਨ ਦੇ ਸਾਧਨ ਪ੍ਰਧਾਨ ਹੁੰਦੇ ਸਨ। ਭਾਵੇਂ ਕਿਸੇ ਦੇਵੀ ਯਾ ਦੇਵਤੇ ਦੀ ਸਤੁਤੀ ਹੁੰਦੀ, ਭਾਵੇਂ ਪੂਜਾ, ਭਾਵੇਂ ਬਲੀਦਾਨ--ਭਾਵੇਂ ਕੋਈ ਤਾਂਤ੍ਰਿਕ ਵਿਧੀ ਵਰਤੋਂ ਵਿਚ ਆਉਂਦੀ, ਤੇ ਭਾਵੇਂ ਕੋਈ ਹਵਨ ਯਾ ਯਗ੍ਯ ਦੀ ਵਿਧੀ। ਇਨ੍ਹਾਂ ਸਾਰਿਆਂ ਸਾਧਨਾਂ ਅਤੇ ਰੀਤੀਆਂ ਦਾ ਇਕੋ ਮੰਤਵ ਹੁੰਦਾ ਸੀ, ਤੇ ਉਹ ਸੀ ਇਨਸਾਨ ਦੇ ਸ਼ਰੀਰਕ ਜੀਵਣ ਨੂੰ ਬਲਵਾਨ, ਸਫਲ ਅਤੇ ਸੁਖੀ ਬਨਾਉਣਾ। ਅੰਧ-ਵਿਸ਼੍ਵਾਸੀ ਅਤੇ ਵਾਸ਼ਣਾ ਅਤੇ ਕਾਮਣਾ ਨੂੰ ਪੂਰਾ ਕਰਕੇ ਸਰੀਰਕ ਹੁਲਾਸ ਦੇ ਯਾਚਕ ਮਨੁਖ ਦੀ ਰੁਚੀ ਇਨ੍ਹਾਂ ਧਰਮਾਂ ਵਿਚ ਪ੍ਰਧਾਨ ਹੁੰਦੀ ਸੀ। ਇਨ੍ਹਾਂ ਧਰਮਾਂ ਦੇ ਇਸ਼ਟ ਤੇ ਦੇਵਤੇ ਵਿਕ੍ਰਾਲ ਅਤੇ ਰਤ-ਪੀਣੇ, ਗੁਸੈਲੇ ਤੇ ਵਿਸ਼ਈ ਹੁੰਦੇ ਸਨ, ਅਤੇ ਉਪਾਸਕ ਇਨ੍ਹਾਂ ਮਨੁਖੀ-ਰੂਪਕ ਅਤੇ ਮਨੁਖੀ-ਰੁਚੀ ਵਾਲਿਆਂ ਦੇਵਤਿਆਂ ਨੂੰ ਪਰਸ ਕੇ ਆਪਣੀ ਜ਼ਿੰਦਗੀ ਵਿਚ ਸਵਾਦ ਅਤੇ ਸਫਲਤਾ ਲਭਦਾ ਸੀ। ਸਿਖ ਧਰਮ ਨੇ ਇਸ ਸਾਰੇ ਸਿਲਸਿਲੇ ਨੂੰ ਉਲਟਾ ਦਿਤਾ। ਸਿਖ ਧਰਮ ਦਾ ਮੁਢਲਾ ਅਸੂਲ ਵਿਵੇਕ, ਯਾ ਵਿਚਾਰ,

ਉਹਨਾਂ ਦੇ ਨਕਲੀ ਹੋਣ ਨੂੰ ਸਿੱਧ ਕੀਤਾ ਹੈ। ਹੁਣ ਠੀਕ ਭੀ ਬਹੁਤ ਸਾਰੇ ਨਕਲੀ ਹੁਕਮਨਾਮੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਉੱਪਰ ਘੜੇ ਹੋਏ ਬਹੁਤ ਸਾਰੇ ਲੋਕ ਸਿਖਾਂ ਪਾਸੋਂ ਮਾਇਆ ਉਗਰਾਹੁਣ ਲਈ ਚੁਕੀ ਫਿਰਦੇ ਹਨ। ਲੋੜ ਹੈ ਕਿ ਸਿਖ ਇਤਿਹਾਸ ਦੀ ਦਰੁਸਤੀ ਅਤੇ ਸਿਖਾਂ ਦੇ ਧਾਰਮਕ ਅਕੀਦਿਆਂ ਨੂੰ ਗ਼ਲਤ ਰਸਤਿਆਂ ਉਪਰ ਚਲਨੋਂ ਬਚਾਣ ਹਿਤ ਅਜਿਹਿਆਂ ਸਭ ਹੁਕਮਨਾਮਿਆਂ ਨੂੰ ਵਿਚਾਰ ਅਤੇ ਨਖੇੜ ਕੇ ਉਹਨਾਂ ਦੇ ਅਸਲੀ ਅਤੇ ਨਕਲੀ ਹੋਣ ਬਾਬਤ ਲੇਖ ਲਿਖੇ ਜਾਣ ਅਤੇ ਉਹਨਾਂ ਦਿਆਂ ਮਾਲਕਾਂ ਪਾਸੋਂ ਉਹਨਾਂ ਨੂੰ ਅਜੂਬਿਆਂ ਦੇ ਤੌਰ ਤੇ ਕੁਝ ਰਕਮ ਵਜੋਂ ਖ਼ਰੀਦ ਕੇ ਉਹਨਾਂ ਨੂੰ ਇਕੱਠਿਆਂ ਕਰਕੇ ਕੌਮੀ ਮਲਕੀਅਤ ਦੇ ਤੌਰ ਤੇ ਰਖਿਆ ਜਾਵੇ। ਇਸ ਨਕਲੀ ਹੁਕਮਨਾਮੇ ਦਾ ਪਾਜ ਉਘੇੜਣਾ ਇਸ ਗੱਲ ਨਾਲ ਕੁਝ ਸੌਖਾ ਹੋ ਗਿਆ ਕਿ ਇਸ ਵਿਚ ਘੜਣ ਵਾਲੇ ਨੇ ਇਕ ਭਾਰੀ ਟਪਲਾ ਖਾਧਾ ਅਤੇ ਸੰਮਤ ੧੭੪੫ ਵਿਚ ਖਾਲਸੇ ਦੇ ਨਾਮ ਉੱਪਰ ਅਪੀਲ ਸ਼ਾਇਆ ਕਰ ਦਿੱਤੀ, ਜਿਹੜਾ ਸਾਲ ਕਿ ਖ਼ਾਲਸੇ ਦੇ ਜਨਮ ਤੋਂ ੧੧ ਵਰ੍ਹੇ ਪਹਿਲਾਂ ਦਾ ਹੈ। ਲੋੜ ਇਸ ਗੱਲ ਦੀ ਹੈ ਕਿ ਇਨ੍ਹਾਂ ਵਿਚਾਰਾਂ ਨੂੰ ਮੁਖ ਰਖ ਕੇ ਹੁਕਮਨਾਮਿਆਂ ਦੀ ਅਸਲੀਅਤ ਅਤੇ ਪ੍ਰਮਾਣੀਕਤਾ ਬਾਰੇ ਅਸੂਲ ਬੰਨ੍ਹੇ ਜਾਣ, (੧) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮਨਾਮੇ ਕਿਸ ਕਿਸ ਹਾਲਤ ਵਿਚ ਅਤੇ ਕਿਨ੍ਹਾਂ ਕਿਨ੍ਹਾਂ ਲੋਕਾਂ ਦੇ ਨਾਂ ਉੱਪਰ ਯਾ ਕਿਨ੍ਹਾਂ ਕਿਨ੍ਹਾਂ ਲੋਕਾਂ ਲਈ ਜਾਰੀ ਕੀਤੇ ? (੨) ਆਮ ਤੌਰ ਤੇ ਹੁਕਮਨਾਮਿਆਂ ਦਾ ਮਜ਼ਮੂਨ ਕੀ ਹੁੰਦਾ ਸੀ ਅਤੇ ਕਿਸ ਮਤਲਬ ਲਈ ਜਾਰੀ ਕੀਤੇ ਜਾਂਦੇ ਸਨ ? ਕਿਹੜੇ ਉਹ ਮੰਤਵ ਹਨ ਜਿਨ੍ਹਾਂ ਦੀ ਹੋਂਦ ਕਿਸੇ ਹੁਕਮਨਾਮੇ ਨੂੰ ਸ਼ੱਕੀ ਬਣਾ ਸਕਦੀ ਹੈ ? (੩) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਸਲੀ ਹੁਕਮਨਾਮਿਆਂ ਦਾ ਲਿਖਣ-ਢੰਗ, ਸ਼ਬਦ-ਚੋਣ ਤੇ ਆਮ ਸ਼ੈਲੀ ਕਿਸ ਪ੍ਰਕਾਰ ਦੀ ਹੈ ? ਆਦਿਕ। 'ਚਮਕੌਰ ਦੇ ਜੰਗ ਤੋਂ ਪਿਛੋਂ' ਸੰਮਤ ੧੭੬੩ (ਸੰਨ ੧੭੩੬) ਯਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕੋਈ ੨੦ ਵਰ੍ਹੇ ਪਿਛੋਂ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.